# Prime Minister to address High-Level Segment of ECOSOC on 17 July, 2020

July 16, 2020

……………………………………………………………………………………………………

## 17 ਜੁਲਾਈ, 2020 ਨੂੰ ਪ੍ਰਧਾਨ ਮੰਤਰੀ ਕਰਨਗੇ ECOSOC ਦੇ ਉੱਚ ਪੱਧਰੀ ਸੈਗਮੇਂਟ ਨੂੰ ਸੰਬੋਧਿਤ

16 ਜੁਲਾਈ, 2020

ਇਸ ਸਾਲ ਨਿਊ ਯਾਰਕ ਵਿਚ ਸੰਯੁਕਤ ਰਾਸ਼ਟਰ ਵਿਖੇ ਸੰਯੁਕਤ ਰਾਸ਼ਟਰ ਆਰਥਿਕ ਅਤੇ ਸਮਾਜਿਕ ਪਰਿਸ਼ਦ ਦੇ ਉੱਚ ਪੱਧਰੀ ਸੈਗਮੇਂਟ ਦੇ ਸੈਸ਼ਨ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਰਚੁਅਲ ਮਾਧਿਅਮ ਰਾਹੀਂ ਸ਼ੁੱਕਰਵਾਰ, 17 ਜੁਲਾਈ 2020 ਨੂੰ 0930-1130 ਵਜੇ (ਸਥਾਨਕ ਸਮੇਂ ਅਨੁਸਾਰ) ਮੁੱਖ ਭਾਸ਼ਣ ਦੇਣਗੇ। ਵਿਦਾਈ ਸਮਾਰੋਹ ਨੂੰ ਭਾਰਤੀ ਪ੍ਰਧਾਨ ਮੰਤਰੀ ਤੋਂ ਛੁੱਟ ਨਾਰਵੇ ਦੇ ਪ੍ਰਧਾਨ ਮੰਤਰੀ ਅਤੇ ਸੰਯੁਕਤ ਰਾਸ਼ਟਰ ਦੇ ਸੱਕਤਰ ਜਨਰਲ ਐਂਟੋਨੀਓ ਗੁਟੇਰੇਸ ਵੀ ਸੰਬੋਧਿਤ ਕਰਨਗੇ।

ਇਸ ਸਾਲਾਨਾ ਉੱਚ-ਪੱਧਰੀ ਸੈਗਮੇਂਟ ਅੰਦਰ ਸਰਕਾਰ, ਨਿੱਜੀ ਖੇਤਰ, ਨਾਗਰਿਕ ਸਮਾਜ ਅਤੇ ਸਿੱਖਿਆ 'ਚੋਂ ਉੱਚ ਪੱਧਰੀ ਨੁਮਾਇੰਦਿਆਂ ਦਾ ਵੰਨ ਸੁਵੰਧਾ ਸਮੂਹ ਸ਼ਾਮਲ ਕੀਤਾ ਜਾਂਦਾ ਹੈ। ਇਸ ਸਾਲ ਦੇ ਉੱਚ-ਪੱਧਰੀ ਸੈਗਮੇਂਟ ਦਾ ਮੁੱਖ ਵਿਸ਼ਾ ਹੈ - "COVID19 ਤੋਂ ਬਾਅਦ ਬਹੁਪੱਖੀਵਾਦ: 75ਵੀਂ ਵਰੇਗੰਢ ਦੇ ਮੌਕੇ 'ਤੇ ਸਾਨੂੰ ਕਿਸ ਤਰ੍ਹਾਂ ਦੇ ਸੰਯੁਕਤ ਰਾਸ਼ਟਰ ਦੀ ਲੋੜ ਹੈ"।

ਬਦਲ ਰਹੇ ਕੌਮਾਂਤਰੀ ਮਾਹੌਲ ਅਤੇ ਕੋਵਿਡ -19 ਮਹਾਂਮਾਰੀ ਦੇ ਪਿਛੋਕੜ 'ਚ ਹੋ ਰਹੇ ਇਸ ਸੈਸ਼ਨ ਅੰਦਰ ਬਹੁਪੱਖੀਵਾਦ ਦੇ ਸਿਧਾਂਤ ਨੂੰ ਸ਼ਕਲ ਦੇਣ ਵਾਲੀਆਂ ਮਹੱਤਵਪੂਰਨ ਤਾਕਤਾਂ 'ਤੇ ਧਿਆਨ ਦਿੱਤਾ ਜਾਵੇਗਾ ਅਤੇ ਮਜ਼ਬੂਤ ਲੀਡਰਸ਼ਿਪ, ਕਾਰਗਰ ਕੌਮਾਂਤਰੀ ਸੰਸਥਾਵਾਂ, ਭਾਗੀਦਾਰੀ ਦੇ ਵਿਸਤਾਰ ਅਤੇ ਆਲਮੀ ਪੱਧਰ ਤੇ ਜਨਤਕ ਭਲਾਈ ਵਾਲੇ ਸਮਾਨ ਦੀ ਵਧਦੀ ਮਹੱਤਤਾ ਦੇ ਜ਼ਰੀਏ ਆਲਮੀ ਏਜੰਡੇ ਨੂੰ ਮਜ਼ਬੂਤ ਕਰਨ ਦੇ ਤਰੀਕਿਆਂ ਦੀ ਪੜਚੋਲ ਕੀਤੀ ਜਾਵੇਗੀ।

17 ਜੂਨ ਨੂੰ 2021-22 ਲਈ ਸੁਰੱਖਿਆ ਪਰਿਸ਼ਦ ਦੀ ਗੈਰ-ਸਥਾਈ ਮੈਂਬਰੀ ਲਈ ਹੋਈ ਚੋਣ ਵਿਚ ਭਾਰਤ ਦੀ ਜ਼ਬਰਦਸਤ ਜਿੱਤ ਤੋਂ ਬਾਅਦ ਪ੍ਰਧਾਨ ਮੰਤਰੀ ਲਈ ਸੰਯੁਕਤ ਰਾਸ਼ਟਰ ਦੀ ਇਸ ਵਿਸ਼ਾਲ ਸਦੱਸਤਾ ਨੂੰ ਸੰਬੋਧਿਤ ਕਰਨ ਦਾ ਇਹ ਪਹਿਲਾ ਮੌਕਾ ਹੋਵੇਗਾ। ਸੰਯੁਕਤ ਰਾਸ਼ਟਰ ਦੀ ਸਥਾਪਨਾ ਦੀ 75ਵੀਂ ਵਰੇਗੰਢ ਦੇ ਮੌਕੇ 'ਤੇ ECOSOC ਦੇ ਉੱਚ ਪੱਧਰੀ ਸੈਗਮੇਂਟ ਦਾ ਵਿਸ਼ਾ ਵੀ ਸੁਰੱਖਿਆ ਪਰਿਸ਼ਦ ਲਈ ਭਾਰਤ ਦੀ ਤਰਜੀਹ ਅਨੁਸਾਰ ਹੈ, ਜਿਸ ਅੰਦਰ ਅਸੀਂ ਕੋਵਿਡ -19 ਤੋਂ ਬਾਅਦ ਦੀ ਦੁਨੀਆ ਵਿੱਚ' ਸੁਧਰੇ ਹੋਏ ਬਹੁਪੱਖਵਾਦ ਦੀ ਮੰਗ ਕੀਤੀ ਹੈ। ਇਹ ਮੌਕਾ ਭਾਰਤ ਵੱਲੋਂ ECOSOC ਦੀ ਬਾਨੀ ਪ੍ਰਧਾਨਗੀ (1946 ਵਿਚ ਸਰ ਰਾਮਸਵਾਮੀ ਮੁਦਾਲੀਅਰ ਦੁਆਰਾ) ਸੰਭਾਲਣ ਦੀ ਭੂਮਿਕਾ ਦੀ ਯਾਦ ਵੀ ਕਰਾਉਂਦਾ ਹੈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਜਨਵਰੀ, 2016 ਵਿੱਚ ECOSOC ਦੀ 70ਵੀਂ ਵਰੇਗੰਢ ਦੇ ਮੌਕੇ ਮੁੱਖ ਭਾਸ਼ਣ ਦਿੱਤਾ ਸੀ।

ਨਵੀਂ ਦਿੱਲੀ
15 ਜੁਲਾਈ, 2020

DISCLAIMER : This is an approximate translation. The original is available in English on MEA's website and may be referred to as the official press release.